# ਪੰਜਾਬ ਦੀ ਕਿਸਾਨੀ

ਜਸਪ੍ਰੀਤ ਸਿੰਘ ਪੱਡਾ



www.PunjabiLibrary.com

Picture By Deneen LT

ਮੈਂ ਇਹ ਲੇਖ ਆਪਣੀ ਤੁੱਛ ਬੁੱਧੀ ਅਨੁਸਾਰ ਲਿਖਿਆ ਹੈ।ਮੈਂ ਕੋਈ ਲੇਖਕ ਹੋਣ ਦਾ ਦਾਵਾ ਨਹੀਂ ਕਰਦਾ। ਇਸ ਲੇਖ ਵਿਚ ਸਿਰਫ ਮੈਂ ਆਪਣੇ ਮਨ ਦੇ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਮੇਰੇ ਕੋਲੋਂ ਕਈ ਤਰਾਂ ਦੀਆਂ ਗ਼ਲਤੀਆਂ ਹੋ ਗਈਆਂ ਹੋਣਗੀਆਂ ,ਸੰਗਤ ਨੂੰ ਬੇਨਤੀ ਹੈ ਕੇ ਵਾਹਿਗੁਰੂ ਨੂੰ ਅਰਦਾਸ ਕਰਨ ਕਿ ਅੱਗੇ ਤੋਂ ਹੋਰ ਵਧੀਆ ਤੇ ਸਮਝ ਕੇ ਲਿਖ ਸਕਾਂ। ਮੈਨੂੰ ਸਮਝਾਉਣ ਲਈ ਵਿਦਵਾਨ ਸੱਜਣ ਮੈਨੂੰ ਸੰਪਰਕ ਕਰ ਸਕਦੇ ਹਨ। ਮੈਂ ਉਹਨਾਂ ਦੇ ਸੁਝਾਵਾਂ ਦਾ ਇੰਤਜਾਰ ਕਰਾਂਗਾ।


**Jaspreet Singh Padda**

**M.S Finance, USA**

**E.Mail: jaspreetpadda@protonmail.ch**


**December 2020**

ਇਹ ਲੇਖ ਪੰਜਾਬ ਦੇ ਮੌਜੂਦਾ ਕਿਸਾਨੀ ਅਤੇ ਨਾਲ ਜੁੜੇ ਸਭਿਆਚਾਰ ਨੂੰ ਫਰੋਲਦਾ ਹੋਇਆ ਕਿਸਾਨ ਪਰਵਾਰਾਂ ਦੇ ਹਲਾਤ ਬਿਆਨ ਕਰਦਾ ਹੈ। ਕਿਸਾਨਾਂ ਦੀਆਂ ਪਰੇਸ਼ਾਨੀਆਂ ਦੇ ਮੁਢਲੇ ਕਾਰਨ ਅਤੇ ਸਬੰਧਤ ਹੱਲ ਵੀ ਮੱਦੇਨਜ਼ਰ ਕੀਤੇ ਗਏ ਹਨ।

ਲੇਖਕ ਖੁਦ ਕਿਸਾਨੀ ਨਾਲ ਜੁੜਿਆ ਹੋਣ ਕਾਰਨ ਇਕ ਝਾਤ ਬੀਤੇ ਸਮੇਂ ਦੀ ਪੇਸ਼ ਕਰਦਾ ਹੈ ਜੋ ਆਪਣੇ ਆਪ ਵਿਚ ਹੀ ਕਈ ਸਵਾਲਾਂ ਦੇ ਜਵਾਬ ਬਣ ਜਾਂਦੀ ਹੈ। ਮੈਨੂੰ ਯਕੀਨ ਹੈ ਕਿ ਇਹ ਲੇਖ ਕਿਸਾਨੀ ਦੇ ਵਿਸ਼ੇ ਨੂੰ ਵੱਖਰੇ ਢੰਗ ਨਾਲ ਸੋਚਣ ਲਈ ਮਜਬੂਰ ਕਰ ਦੇਵੇਗਾ।

ਹਰਮਨਜੀਤ ਸਿੰਘ ਪੱਡਾ

(ਸਾਫਟਵੇਅਰ ਇੰਜੀਨੀਅਰ) ਕੈਲੀਫੋਰਨੀਆ

# ਪੰਜਾਬ ਦੀ ਕਿਸਾਨੀ

ਪੰਜਾਬੀ ਮੁੱਢ ਤੋਂ ਹੀ ਖੇਤੀ ਕਰਦੇ ਤੇ ਜ਼ਮੀਨ ਨੂੰ ਮਾਂ ਵਾਂਗ ਪਿਆਰ ਕਰਦੇ ਆ ਰਹੇ ਹਨ। ਏਨਾ ਪਿਆਰ ਇਹ ਜ਼ਮੀਨਾਂ ਨਾਲ ਕਰਦੇ ਹਨ ਕਿ ਕਿਸੇ ਦਾ ਜਾਂ ਆਪਣਾ ਲਹੂ ਵਹਾਉਣ ਲੱਗਿਆ ਵੀ ਸੋਚਦੇ ਨਹੀਂ। ਵੱਟ ਦੀ ਸੇਧ ਤਾਂ ਇਹ ਇੰਞ ਨਾਪਦੇ ਜਿਵੇਂ ਕੋਈ ਲੇਜ਼ਰ ਮਸ਼ੀਨ ਹੋਣ। ਪੰਜਾਬੀ ਕਿਸਾਨ ਖੁੱਲ੍ਹੇ ਸੁਭਾਅ ਦੇ ਮਾਲਕ, ਮਿਹਨਤੀ, ਦਿਲ ਦੇ ਅਮੀਰ ਅਤੇ ਰੱਬ ਤੋਂ ਡਰਨ ਵਾਲੇ ਹਨ। ਪੰਜਾਬੀ ਕਿਸਾਨ ਆਪਣੀ ਪੁੱਤਾਂ ਵਾਂਗ ਪਾਲੀ ਫ਼ਸਲ ਕੌਡੀਆਂ ਦੇ ਭਾਅ ਸੁੱਟ ਕੇ, ਭਾਰਤ ਦੀ ਭੁੱਖ ਮਿਟਾਉਂਦਾ ਆ ਰਿਹਾ ਹੈ।

ਮੇਰਾ ਪਰਿਵਾਰ ਖੇਤੀ ਨਾਲ ਜੁੜਿਆ ਹੋਇਆ ਹੈ ਭਾਂਵੇਂ ਹੁਣ ਜ਼ਮੀਨ ਪੀੜ੍ਹੀ ਦਰ ਪੀੜ੍ਹੀ ਹਿੱਸਿਆਂ ਵਿੱਚ ਵੰਡਦੀ, ਘੱਟਦੀ ਜਾ ਰਹੀ ਹੈ। ਪਰ ਅੱਜ ਵੀ ਪਿੰਡ ਵਾਲੀ ਜ਼ਮੀਨ ਨੂੰ ਦੇਖੇ ਬਿਨਾਂ ਮੁੜਿਆ ਨਹੀਂ ਜਾਂਦਾ। ਮੇਰਾ ਬਾਪ ਦੱਸਿਆ ਕਰਦਾ ਸੀ, ਕਿ

ਕਿਵੇਂ ਉਹ ਤੇ ਮੇਰੇ ਚਾਚੇ-ਤਾਏ ਇਹ ਜ਼ਮੀਨ ਤੇ ਹਲ਼ ਤੇ ਫਲ਼ੇ ਵਾਹੁੰਦੇ, ਲਾਗੇ ਪਈ ਵਿਹਲੀ ਮੈਰ ਵਿੱਚ ਪਸ਼ੂ ਚਾਰਦੇ ਸਨ। ਉਹ ਕਦੇ ਗੰਧਕ ਪਟਾਸ ਲਿਆ ਕੇ, ਮੱਕੀ ਦੇ ਖੇਤਾਂ ਵਿਚ ਸੂਰਾਂ ਦਾ ਸ਼ੌਕੀਆ ਤੌਰ ਤੇ ਸ਼ਿਕਾਰ ਵੀ ਕਰਦੇ, ਤੇ ਫਿਰ ਦੂਸਰੇ ਪਿੰਡਾਂ ਨੂੰ ਦਾਵਤ ਦੇ ਦਿੰਦੇ। ਸ਼ਿਕਾਰ ਦੇ ਨਾਲ ਦੇਸੀ ਪੇਸ਼ ਕਰਨਾ ਸਰਦਾਰਾਂ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਕਦੇ-ਕਦੇ ਉਹ ਰਾਤ ਨੂੰ ਲਾਗੇ ਦੇ ਪਿੰਡਾਂ ਵਿੱਚ ਘਰਦਿਆਂ ਤੋਂ ਚੋਰੀ, ਨੰਗੇ ਪੈਰੀਂ ਨਕਲਾਂ ਦੇਖਣ ਜਾਂਦੇ, ਪਰ ਦਾਦਾ ਜੀ ਸਰਕਾਰੀ ਅਧਿਆਪਕ ਹੋਣ ਕਰਕੇ, ਸਕੂਲ ਵੀ ਜਾਣਾ ਪੈਂਦਾ ਸੀ। ਕਦੇ-ਕਦੇ ਸ਼ਾਮ ਨੂੰ ਖਿਦੋ-ਖੂੰਡੀ ਵੀ ਖੇਡਦੇ। ਮੈਂ ਸੋਚ ਕੇ ਹੈਰਾਨ ਹੋ ਜਾਂਦਾ ਹਾਂ, ਕਿ ਉਹ ਕਿੰਨਾ ਬੇ-ਫਿਕਰੀ ਵਾਲਾ ਮਾਹੌਲ ਸੀ।

ਮੇਰੇ ਚਾਚੇ ਦੱਸਦੇ ਹਨ ਕੇ ਕੋਈ ਪ੍ਰੇਸ਼ਾਨੀ ਨਹੀਂ ਸੀ, ਸਭ ਲੋਕ ਇੱਕੋ ਜਿਹੇ ਸਨ ਤੇ ਖੁਸ਼ ਸਨ। ਉਹ ਅੱਜ ਵੀ ਕਦੇ ਸ਼ਾਮ ਨੂੰ ਜਦੋਂ ਮਹਫ਼ਿਲ ਲਗਾਉਂਦੇ ਨੇ, ਤਾਂ ਉਸ

ਜ਼ਮਾਨੇ ਦੀਆਂ ਗੱਲਾਂ ਬਾਰ-ਬਾਰ ਕਰਦੇ ਰਹਿੰਦੇ ਹਨ। ਮੇਰੇ ਮੁਤਾਬਿਕ ਉਹਨਾਂ ਦੀਆਂ ਜਰੂਰਤਾਂ ਬੜੀਆਂ ਸੀਮਤ ਸਨ ਅਤੇ ਭਾਈਚਾਰਿਕ ਸਾਂਝ ਮਜਬੂਤ ਸੀ।

ਕਿਸਾਨ ਕੋਲ ਤਾਂ ਪੈਸੇ ਉਦੋਂ ਵੀ ਨਹੀਂ ਸਨ, ਕਦੇ-ਕਦੇ ਜੱਟਾਂ ਦੀ 13ਵੇਂ ਮਹੀਨੇ ਕਣਕ ਮੁੱਕ ਜਾਂਦੀ ਸੀ ਤੇ ਮੁੱਲ ਲਿਆ ਕੇ ਗੁਜ਼ਾਰਾ ਕਰਦੇ ਸਨ। ਸਾਰੇ ਟੱਬਰ ਕੋਲ ਇਕ ਦੋ ਹੀ ਨਵੇਂ ਕੱਪੜੇ ਹੁੰਦੇ ਸੀ ਤੇ ਉਹੀ ਵਾਰੀ-ਵਾਰੀ ਸ਼ਹਿਰ ਜਾਂ ਵਾਂਢੇ ਜਾਣ ਲੱਗਿਆਂ ਫਸਾ ਲੈਂਦੇ, ਪਰ ਫੇਰ ਵੀ ਖੁਸ਼ੀ ਚੇਹਰਿਆਂ ਤੇ ਹਰ ਵੇਲੇ ਰਹਿੰਦੀ ਸੀ।

ਲੋੜਾਂ ਪੂਰੀਆਂ ਕਰਨ ਲਈ ਜ਼ਮੀਨ ਤਾਂ ਉਦੋਂ ਵੀ ਜੱਟ ਗਹਿਣੇ ਰੱਖਦੇ ਸਨ ਪਰ ਇਸ ਤਰਾਂ ਕੋਈ ਜਹਾਨ ਤੋਂ ਉਡਾਰੀ ਨਹੀਂ ਸੀ ਮਾਰਦਾ। ਆਖ਼ਿਰ ਕੀ ਹੋ ਗਿਆ, ਕਿ ਸਾਡੇ ਢੱਗਿਆਂ ਵਰਗੇ ਸਿਰ ਸੁੱਟੀ ਜਾਂਦੇ ਆ।

ਸਰਕਾਰਾਂ ਦੀ ਗੱਲ ਕਰੀਏ, ਇਹ ਤਾਂ ਮੁੱਢ ਤੋਂ ਹੀ ਕਿਸਾਨ ਦੀਆਂ ਵੈਰੀ ਰਹੀਆਂ ਹਨ। ਆਖਿਰ ਸਰਕਾਰਾਂ ਨੇ ਮੋਟੇ ਢਿੱਡਾਂ ਵਾਲੇ ਸ਼ਾਹੂਕਾਰਾਂ ਨੂੰ ਵੀ ਮੌਕਾ ਦੇਣਾ ਹੈ, ਛਿੱਲ ਲਾਹੁਣ ਦਾ, ਤੇ ਫਿਰ ਅਖ਼ੀਰ ਬਿਹਾਰ ਤੇ ਉੜੀਸਾ ਦੇ ਗਰੀਬਾਂ ਤੋਂ ਵੀ ਵੋਟਾਂ ਲੈਣੀਆਂ ਹਨ।

ਸ਼ਾਇਦ ਕੁਝ ਸਾਡੇ ਆਲੇ-ਦੁਆਲੇ ਹੀ ਬਦਲ ਗਿਆ ਹੈ, ਜਿਹੜਾ ਜੱਟਾਂ ਨੂੰ ਜਿਉਣ ਨਹੀਂ ਦਿੰਦਾ। ਮੈਨੂੰ ਲੱਗਦਾ ਕਿ ਜੱਟ ਦਾ ਕੋਈ ਯਾਰ ਹੀ ਨਹੀਂ ਰਹਿ ਗਿਆ ਜਿਹੜਾ ਕਹਿ ਦੇਵੇ "ਤਕੜਾ ਹੋ ਮੈਂ ਜਿਊਂਦਾ" ਸਾਡੇ ਟੱਬਰ ਛੋਟੇ ਹੋ ਗਏ ਹਨ, ਕੰਧਾਂ ਨੇ ਖੁੱਲ੍ਹੇ ਵਿਹੜਿਆਂ ਨੂੰ ਛੋਟੇ ਕਰ ਦਿੱਤਾ ਹੈ। ਇਹਨਾਂ ਕੰਧਾਂ ਤੋਂ ਹੁਣ ਜੱਟ ਏਨਾ ਡਰਦਾ ਕਿ ਨੇੜੇ ਜਾ ਕੇ ਦਿਲ ਹੌਲਾ ਵੀ ਨਹੀਂ ਕਰ ਸਕਦਾ। ਦੁਨੀਆਂ ਤੇ ਫੈਲ ਗਏ ਨਿੱਜਵਾਦ ਨੇ ਸਾਡੇ ਦਿਲਾਂ ਵਿਚੋਂ ਮੌਤ ਅਤੇ ਰੱਬ ਦਾ ਡਰ ਹੀ ਵਿਸਾਰ ਦਿੱਤਾ। ਭਰਾਵਾਂ ਨੂੰ ਸ਼ਰੀਕ ਬਣਾ ਕੇ ਠੋਕਰਾਂ ਖਾਣ ਲਈ ਛੱਡ ਦਿੱਤਾ ਹੈ। ਇਹ ਕਿਹੜੀ ਤਰੱਕੀ ਹੈ ਜਿਸ ਉੱਪਰ ਅਸੀਂ ਮਾਣ ਕਰ ਰਹੇ ਆ।

ਮੇਰੇ ਬਾਬੇ ਜਦੋਂ 1947 ਤੋਂ ਬਾਅਦ ਕਪੂਰਥਲੇ ਆਪਣੇ ਜੱਦੀ ਪਿੰਡ ਆ ਗਏ, ਤਾਂ ਬਾਬੇ ਇਕੱਠੇ ਹੀ ਰਹੇ, ਇਕੋ ਚੁੱਲੇ ਤੇ ਸਾਰਾ ਟੱਬਰ ਰੋਟੀਆਂ ਖਾਂਦਾ ਰਿਹਾ ਅਤੇ ਕੋਈ ਕੰਧ ਕੱਢਣ ਦਾ ਡਰਾਉਣਾ ਸੁਫ਼ਨਾ ਵੀ ਨਹੀਂ ਆਇਆ ਕਿਸੇ ਨੂੰ। ਮੈਂ ਆਪਣੀ ਦਾਦੀ ਨੂੰ ਪੁੱਛਦਾ ਰਹਿੰਦਾ ਸੀ ਕਿ ਉਹਦੀ ਦਰਾਣੀ ਨਾਲ ਕਦੇ ਭੇੜ ਨਹੀਂ ਹੋਇਆ, ਉਹ ਕਹਿੰਦੀ ਗੁੱਸੇ ਤਾਂ ਉਹ ਕਦੇ-ਕਦੇ ਹੋ ਜਾਂਦੀਆਂ ਸੀ, ਪਰ ਫਿਰ ਬੋਲ ਪੈਂਦੀਆਂ। ਉਹ ਗੁੱਸਾ ਬਸ ਆਪਣੇ ਦੋਹਾਂ ਤੱਕ ਹੀ ਸੀਮਿਤ ਰੱਖਦੀਆਂ।

ਸਾਡੇ ਅੱਜ ਦੇ ਪਰਿਵਾਰਾਂ ਨੂੰ ਪਤਾ ਨਹੀਂ ਕਿਹੜੀ ਪ੍ਰਾਈਵੇਸੀ ਚਾਹੀਦੀ ਆ ਕਿ ਚਾਚੇ-ਤਾਏ ਵੀ ਓਪਰੇ ਲੱਗਣ ਲੱਗ ਪਏ। ਜ਼ਿਆਦਾ ਸਾਂਝੇ ਘਰ, ਇਕੱਠੀ ਵਾਹੀ, ਹੀ ਜੱਟ ਨੂੰ ਬਚਾ ਸਕਦੇ ਹਨ। ਜੇਕਰ ਤੁਸੀਂ ਇਕੱਠੇ ਰਹਿੰਦੇ ਹੋ, ਤਾਂ ਇਕ ਦੂਸਰੇ ਨੂੰ ਦੁੱਖ ਦੱਸ ਸਕਦੇ ਹੋ ਤੇ ਜਿਸ ਨਾਲ ਕਈ ਤਰਾਂ ਦੇ ਹੱਲ ਨਿਕਲ ਸਕਦੇ ਹਨ।

ਮਾਨਸਿਕ ਤੌਰ ਤੇ ਵੀ ਬੜਾ ਹੌਂਸਲਾ ਮਿਲਦਾ ਜਿਹੜਾ ਗੱਡੀ ਨੂੰ ਲੀਹੋਂ ਲੱਥਣ ਨਹੀਂ ਦਿੰਦਾ।

ਮੈਨੂੰ ਲੱਗਦਾ ਗੁਰਬਾਣੀ ਦੇ ਅਰਥ ਜੇ ਬੁੱਝ ਲਏ ਜਾਣ ਤੇ ਸਾਡੇ ਹਿਰਦੇ ਵਿੱਚ ਵੱਸ ਜਾਣ, ਫਿਰ ਸ਼ਾਇਦ ਅਸੀਂ ਇੱਕ ਦੂਸਰੇ ਨਾਲ ਈਰਖਾ ਕਰਨੋਂ ਹੱਟ ਜਾਈਏ। ਸੱਚੇ ਸਾਧੂਆਂ, ਪ੍ਰਚਾਰਕਾਂ ਦੀ ਕਮੀ ਤੇ ਵਿਗਿਆਨ ਨਾਲ ਆਏ ਹੰਕਾਰ ਨੇ ਸਾਡੀ ਮੱਤ ਮਾਰ ਦਿੱਤੀ ਹੈ। ਅੱਜ-ਕੱਲ੍ਹ ਦੀ ਦੁਨੀਆਂ ਵਿੱਚ ਰੱਬ ਦਾ ਭੈਅ ਬਹੁਤ ਜ਼ਰੂਰੀ ਹੈ ਜੇ ਅਸੀਂ ਨਿੱਜਵਾਦ, ਤੇ ਆਪਣੇ ਅੰਦਰਲੇ ਸ਼ਰੀਕ ਨੂੰ ਮਾਰਨਾ ਹੈ।

ਕਿਸਾਨ ਵੀ ਵੱਡੇ ਖਰਚੇ ਕਰਨ ਲੱਗ ਪਏ ਹਨ, ਕੋਈ ਤੁਰ ਕੇ ਪੱਠੇ ਲੈਣ ਨਹੀਂ ਜਾਂਦਾ, ਕਾਰ ਰੱਖਣੀ ਜ਼ਰੂਰੀ ਹੋ ਗਈ ਹੈ ਖਾਸ ਤੌਰ ਤੇ ਵਿਆਹ ਜਾਣ ਲਈ ਆਦਿ। ਜੱਟਾਂ ਦੇ ਪੁੱਤ ਬਾਹਰਲੇ ਰੰਗਲੇ ਸੁਪਨਿਆਂ ਨੇ ਪੱਟ ਲਏ ਹਨ। ਮੈਨੂੰ ਲੱਗਦਾ ਕਿ ਪੰਜਾਬ ਦੇ ਕਿਸਾਨ ਜੇ ਕਰ ਅੱਡੇ ਫਾਹੇ ਨਾ ਲੈਣ, ਤਾਂ ਉਹ ਕਿਤੇ

ਵਧੀਆ ਜ਼ਿੰਦਗੀ ਜੀਅ ਸਕਦੇ ਹਨ। ਸਭ ਤੋਂ ਵੱਡੀ ਗੱਲ ਇਹ ਕਿ ਆਪਣੇ ਆਪ ਨੂੰ ਕਿਸਾਨ ਹੀ ਸਮਝਣ ਤਾਂ ਬਚ ਸਕਦੇ ਹਨ, ਨਹੀਂ ਤਾਂ ਨੀਂਦ ਤੇ ਚੈਨ ਨਹੀਂ ਮਿਲਣਾ। ਮੇਰੇ ਕਹਿਣ ਤੋਂ ਭਾਵ ਇਹ ਨਹੀਂ ਹੈ ਕੇ ਕਿਸਾਨ ਵੱਡੇ ਸੁਪਨੇ ਨਾ ਵੇਖੇ ਜਾਂ ਆਪਣੇ ਰਹਿਣ ਸਹਿਣ ਨੂੰ ਉੱਚਾ ਨਾ ਚੁੱਕੇ।

ਖੇਤੀ ਇਕ ਜੀਵਨ ਜਾਚ ਦਾ ਨਾਂ ਹੈ ਨਾ ਕਿ ਬੇਸ਼ੁਮਾਰ ਦੌਲਤ ਕਮਾਉਣ ਦਾ ਤਰੀਕਾ। ਖੇਤੀ ਸੱਚੀ-ਸੁੱਚੀ ਕਿਰਤ ਕਰਨ ਦਾ ਸਭ ਤੋਂ ਵਧੀਆ ਸਾਧਨ ਹੈ। ਮੇਰੀ ਬਸ ਇੰਨੀ ਬੇਨਤੀ ਹੈ ਕਿ ਬੇ-ਲੋੜੀ ਜ਼ਿੱਦ ਲਈ ਜ਼ਾਂ ਟੌਹਰ ਦਿਖਾਉਣ ਲਈ ਕਰਜ਼ਾ ਨਾ ਲਉ।

ਮੈਂ ਇਹੀ ਦੱਸਣਾ ਚਾਹੁੰਦਾ ਹਾਂ ਕਿ ਖੇਤੀ ਕਦੇ ਵੀ ਲਾਹੇਵੰਦ ਸੌਦਾ ਨਹੀਂ ਰਿਹਾ। ਜੇਕਰ ਕਿਸਾਨ ਅਮੀਰ ਬਣਨਾ ਚਾਹੁੰਦਾ ਹੈ, ਤਾਂ ਉਸਨੂੰ ਵਪਾਰੀ ਬਣਨਾ ਪਵੇਗਾ ਤੇ ਆਪਣੀ ਫ਼ਸਲ ਨੂੰ ਮੰਡੀ ਵਿਚ ਸਿੱਟਣ ਦੀ ਬਜਾਇ ਵੱਖਰੇ-ਵੱਖਰੇ ਖਾਣ ਦੇ ਪ੍ਰੋਡਕਟ ਬਣਾ ਕੇ ਸਿੱਧਾ ਉਪਭੋਗਤਾ ਤੱਕ ਪਹੁੰਚਾਉਣੇ ਪੈਣਗੇ। ਇਹ ਕੰਮ ਅੱਜ-ਕੱਲ੍ਹ ਦੀ

ਆਪਣੇ ਆਪ ਨੂੰ ਪੜ੍ਹਿਆ ਕਹਿਣ ਵਾਲੀ ਪੀੜ੍ਹੀ ਕਰ ਸਕਦੀ ਹੈ। ਇਸ ਵੱਡੇ ਪ੍ਰਬੰਧ ਲਈ ਪੈਸੇ ਦੀ ਲੋੜ ਹੈ ਜਿਸ ਵਿਚ ਆਪਣੇ ਆਪ ਨੂੰ ਅਮੀਰ ਦੱਸਣ ਵਾਲੇ  ਪ੍ਰਵਾਸੀ ਪੰਜਾਬੀ ਪੰਜਾਬ ਰਹਿੰਦੇ ਆਪਣੇ ਪਿੰਡ ਦੇ ਪੜ੍ਹੇ ਲਿਖੇ ਨੌਜੁਆਨਾਂ ਦੀ ਮਦਦ ਕਰ ਸਕਦੇ ਹਨ।

ਕਿਸਾਨਾਂ ਨੂੰ ਆਪਣੀ ਫ਼ਸਲ ਦਾ ਪੂਰਾ ਮੁੱਲ ਵੱਟਣ ਲਈ, ਖ਼ੁਦ ਹੀ ਸਬਜ਼ੀ ਮੰਡੀਆਂ ਵਿੱਚ ਦੁਕਾਨਾਂ ਖੋਲ੍ਹਣੀਆਂ ਪੈਣਗੀਆਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਕਿਸਾਨ ਨੂੰ ਲੇਖੇ-ਜੋਖੇ ਦਾ ਮਾਹਿਰ ਬਣਨਾ ਪਏਗਾ। ਅੱਜ-ਕੱਲ੍ਹ ਦੀ ਪੜ੍ਹੀ ਲਿਖੀ ਪੀੜ੍ਹੀ ਅਕਾਊਂਟਿੰਗ ਸਿੱਖ ਕੇ ਇਹ ਮਸਲਾ ਹੱਲ ਕਰ ਸਕਦੀ ਹੈ। ਖੇਤੀ ਨੂੰ ਇਕ ਕਾਰਪੋਰੇਸ਼ਨ ਵਾਂਗ ਚਲਾਉਣਾ ਪਵੇਗਾ।

ਫ਼ਸਲੀ ਚੱਕਰ ਬਾਰੇ ਵੀ ਰੌਲਾ ਬੜੇ ਸਾਲਾਂ ਤੋਂ ਪੈ ਰਿਹਾ ਹੈ, ਪਰ ਮੇਰੇ ਖਿਆਲ ਨਾਲ ਇਸ ਲਈ ਨਾ ਤਾਂ ਕਿਸਾਨ ਤਿਆਰ ਹੈ, ਨਾ ਸਰਕਾਰਾਂ ਅਤੇ ਨਾ ਹੀ ਸਾਡੀ

ਮੰਡੀਕਰਨ ਪੋਲਿਸੀ। ਕੇਂਦਰ ਸਰਕਾਰ ਨੂੰ ਵੀ ਪੰਜਾਬ ਨਾਲ ਮਤਰੇਆ ਵਿਹਾਰ ਬੰਦ ਕਰਨਾ ਚਾਹੀਦਾ ਹੈ। ਜੇਕਰ ਸਮਰਥਨ ਮੁੱਲ ਨਹੀਂ ਵਧਾ ਸਕਦੇ ਤਾਂ, ਕੋਈ ਸਬਸਿਡੀ ਦੇ ਕੇ ਕਿਸਾਨ ਨੂੰ ਬਣਦਾ ਮੁੱਲ ਦਿੱਤਾ ਜਾਵੇ। ਭਾਰਤ ਵਿਚ ਇਕ ਨਵਾਂ ਪਾਖੰਡ ਸ਼ੁਰੂ ਹੋ ਰਿਹਾ ਹੈ, ਜਿਸ ਵਿਚ ਵੱਡੇ ਉਦਯੋਗਿਕ ਘਰਾਣੇ ਸਾਨੂੰ ਖੇਤੀ ਕਰਨਾ ਸਿਖਾਉਣਗੇ ਤੇ ਸਰਕਾਰਾਂ ਆਸ ਕਰ ਰਹੀਆਂ ਹਨ ਕਿ ਇਸ ਨਾਲ ਸਭ ਠੀਕ ਹੋ ਜਾਵੇਗਾ। ਮੇਰੇ ਮੁਤਾਬਿਕ ਇਹ ਪਾਲਿਸੀ ਦੇਸ਼ ਤੇ ਕਿਸਾਨਾਂ ਲਈ ਘਾਤਕ ਸਿੱਧ ਹੋਵੇਗੀ। ਕਿਉਂਕਿ ਭਾਰਤ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਕੋਈ ਸਖ਼ਤ ਪਾਲਿਸੀ ਇਹਨਾਂ ਵੱਡੇ ਉਦਯੋਗਿਕ ਘਰਾਣਿਆਂ ਖਿਲਾਫ ਬਣਨ ਨਹੀਂ ਦੇਣੀ।

ਮੇਰੇ ਮੁਤਾਬਿਕ ਜੇਕਰ ਕਿਸੇ ਕਿਸਾਨ ਦੀ ਜਮੀਨ 10 ਏਕੜ ਤੋਂ ਘੱਟ ਹੈ, ਉਸਨੂੰ ਜ਼ਮੀਨ ਠੇਕੇ ਤੇ ਦੇ ਦੇਣੀ ਚਾਹੀਦੀ ਹੈ ਤੇ ਆਪ ਕੋਈ ਹੋਰ ਕੰਮ/ਵਪਾਰ ਕਰਨਾ ਚਾਹੀਦਾ ਹੈ। ਇਸ ਤਰਾਂ ਛੋਟੇ ਕਿਸਾਨ ਦੀ ਆਮਦਨ ਵਧੇਗੀ ਅਤੇ ਉਹ ਨਵੇਂ ਹੁਨਰ ਸਿੱਖ ਕੇ ਆਤਮ ਨਿਰਭਰ ਬਣ ਸਕੇਗਾ। ਇਸ ਨਾਲ ਵੱਡੇ ਕਿਸਾਨ ਉਭਰ

ਕਿ ਸਾਹਮਣੇ ਆਉਣਗੇ ਤੇ ਖੇਤੀ ਪ੍ਰਬੰਧ ਵਿੱਚ ਕੁਸ਼ਲਤਾ ਆਵੇਗੀ। ਪਿੰਡਾਂ ਦੇ ਹੀ ਸਰਦੇ ਜਿਮੀਂਦਾਰ ਅਤੇ ਪ੍ਰਵਾਸੀ ਪੰਜਾਬੀ ਇਹਨਾਂ 10 ਏਕੜ ਤੋਂ ਘਟ ਜਮੀਨ ਵਾਲੇ ਕਿਸਾਨਾਂ ਦੀ ਜਮੀਨ ਠੇਕੇ ਤੇ ਲੈ ਲੈਣ ਤਾਂ ਬਹੁਤ ਵਧੀਆ ਹੋਵੇਗਾ। ਸਰਕਾਰ ਨੂੰ ਵੱਡੀਆਂ ਕੰਪਨੀਆਂ ਨੂੰ ਸਿਧੇ ਤੌਰ ਤੇ ਜਮੀਨ ਠੇਕੇ ਤੇ ਲੈਣ ਤੋਂ ਰੋਕਣ ਲਈ ਸਖ਼ਤ ਕ਼ਾਨੂਨ ਬਣਾਉਣੇ ਚਾਹੀਦੇ ਹਨ। ਇਸ ਦੇ ਨਾਲ ਨਾਲ ਛੋਟੇ ਤੇ ਵੱਡੇ ਜਿਮੀਦਾਰਾਂ ਦਰਮਿਆਨ ਕੰਟ੍ਰੈਕਟ, ਨੂੰ ਛੋਟੇ ਕਿਸਾਨ ਦੇ ਹੱਕਾਂ ਨੂੰ ਧਿਆਨ ਵਿਚ ਰੱਖਕੇ ਬਣਾਇਆ ਜਾਣਾ ਚਾਹੀਦਾ ਹੈ।

ਵੱਡੇ ਜਿਮੀਦਾਰਾਂ ਨੂੰ ਛੋਟੇ ਜਿਮੀਦਾਰਾਂ ਨੂੰ ਸਮੇ ਸਿਰ ਠੇਕੇ ਦੀ ਬਣਦੀ ਰਕਮ ਦੇਣੀ ਕਾਨੂੰਨੀ ਤੌਰ ਤੇ ਨਿਸ਼ਚਿਤ ਕਰਨੀ ਚਾਹੀਦੀ ਹੈ ਅਤੇ ਭੁਗਤਾਨ ਕੇਵਲ ਬੈਂਕਾਂ ਦੁਆਰਾ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਸਰਕਾਰ ਦੇ ਰੈਵੇਨਿਊ ਵਿਚ ਵੀ ਵਾਧਾ ਹੋਵੇਗਾ ਤੇ ਗੜ੍ਹੇ ਮਾਰੀ ਜਾਂ ਹੋਰ ਕੁਦਰਤੀ ਆਫ਼ਤਾਂ ਨਾਲ ਹੋਈ ਤਬਾਹੀ ਸਮੇ

ਸਰਕਾਰ ਬੜੇ ਸੌਖੇ ਤੇ ਕੁਸ਼ਲ ਤਰੀਕੇ ਨਾਲ ਮਦਦ ਵੱਡੇ ਕਿਸਾਨਾਂ ਤਕ ਪਹੁੰਚਦੀ ਕਰ ਸਕਦੀ ਹੈ।

ਸਰਕਾਰਾਂ ਨੂੰ ਵੀ ਛੋਟੇ ਕਿਸਾਨਾਂ ਲਈ ਜ਼ਮੀਨ ਉੱਤੇ ਦਿੱਤੇ ਜਾਣ ਵਾਲੇ ਕਰਜੇ ਘਟਾਉਣੇ ਜਾਂ ਬੰਦ ਕਰਨੇ ਪੈਣਗੇ, ਇਸ ਨਾਲ ਸਰਕਾਰੀ ਸਬਸਿਡੀ ਦੀ ਦੁਰਵਰਤੋਂ ਕਿਸਾਨ ਨਹੀਂ ਕਰ ਸਕੇਗਾ। ਮੇਰੇ ਮੁਤਾਬਕ ਛੋਟੇ ਕਿਸਾਨਾਂ ਨੂੰ ਜਮੀਨ ਤੇ ਮਿਲੇ ਕਰਜ਼ੇ ਨੂੰ ਸਿਰਫ ਬੱਚਿਆਂ ਦੀ ਪੜ੍ਹਾਈ ਅਤੇ ਸਿਹਤ ਨਾਲ ਜੁੜੇ ਕੰਮਾਂ ਤੇ ਖਰਚਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਲੋੜ ਪੈਣ ਤੇ  ਇਹ ਜਮੀਨ ਤੇ ਮਿਲੇ ਕਰਜ਼ੇ ਦਾ ਭੁਗਤਾਨ ਸਿਰਫ ਵਿੱਦਿਅਕ ਅਦਾਰਿਆਂ ਜਾਂ ਸਿਹਤ ਕੇਂਦਰਾਂ, ਹਸਪਤਾਲਾਂ ਵਿਚ ਹੀ ਹੋਣਾ ਚਾਹੀਦਾ ਹੈ। ਛੋਟੇ ਕਿਸਾਨਾਂ ਲਈ ਇਸ ਕਰਜ਼ੇ ਦੀ ਵਿਆਜ਼ ਦਰ ਹੋਰ ਘਟਾਉਣ ਦੀ ਵੀ ਲੋੜ ਹੈ।

ਖੇਤੀ ਨਾਲ ਸਬੰਧਤ ਮਜਦੂਰਾਂ ਵਾਸਤੇ ਲੇਬਰ ਕਾਨੂੰਨ ਸਖ਼ਤ ਕਰਨੇ ਪੈਣਗੇ। ਵੱਡੇ ਕਿਸਾਨਾਂ ਨੂੰ ਖੇਤੀ ਮਜਦੂਰਾਂ ਨਾਲ ਕੰਟ੍ਰੈਕਟ ਕਰਨੇ ਪੈਣਗੇ ਤੇ ਉਹਨਾਂ ਦਾ ਬਣਦਾ ਮਿਹਨਤਾਨਾ ਸਮੇਂ ਸਿਰ ਵੱਡੇ ਕਿਸਾਨਾਂ ਨੂੰ ਮਜ਼ਦੂਰਾਂ ਦੇ ਬੈਂਕ ਖਾਤਿਆਂ ਵਿੱਚ ਪਾਉਣਾ ਪਵੇਗਾ। ਪੰਜਾਬੀ ਲੇਬਰ ਸੰਸਥਾਵਾਂ ਨੂੰ ਮਜਬੂਤ ਕਰਨ ਦੀ ਲੋੜ ਹੈ।

ਮੇਰੇ ਮੁਤਾਬਿਕ ਖੇਤੀ ਵਿਭਾਗ ਵੱਲੋਂ ਕਿਸਾਨਾਂ ਨੂੰ ਫ਼ਸਲਾਂ ਬਾਰੇ ਜਾਣਕਾਰੀ ਦੇ ਨਾਲ ਨਾਲ ਸੇਲਫ਼ ਮੈਨਜਮੈਂਟ ਤੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ। ਖੇਤੀ ਨਾਲ ਜੁੜੇ ਪਰਿਵਾਰਾਂ ਦੀਆਂ ਔਰਤਾਂ ਨੂੰ ਵੀ ਸੰਸਾਰਿਕ ਪੜ੍ਹਾਈ ਦੇ ਨਾਲ ਗੁਰਬਾਣੀ ਨਾਲ ਜੋੜ੍ਹਨ ਦੀ ਲੋੜ ਹੈ। ਇਹਨਾਂ ਔਰਤਾਂ ਵਾਸਤੇ ਵਿਸ਼ੇਸ਼ ਸੈਮੀਨਾਰ ਹੋਣੇ ਚਾਹੀਦੇ ਹਨ ਜੋ ਇਹਨਾਂ ਨੂੰ ਸੇਲਫ਼ ਮੈਨਜਮੈਂਟ, ਚੰਗੀ ਸਿਹਤ, ਫੈਮਿਲੀ ਪਲਾਨਨਿੰਗ, ਉਚੇਰੀ ਵਿੱਦਿਆ ,ਕੌਸਟ ਮੈਨਜਮੈਂਟ ਵਰਗੇ ਵਿਸ਼ਿਆਂ ਤੇ ਜਾਣਕਾਰੀ ਦੇਣ।

ਪ੍ਰਵਾਸੀ ਪੰਜਾਬੀਆਂ ਨੂੰ ਵੀ ਸਿਆਣੇ ਬਣਨ ਦੀ ਬਹੁਤ ਲੋੜ ਹੈ, ਇਹ ਆਪਣੇ ਪੰਜਾਬ ਰਹਿੰਦੇ ਭਰਾਵਾਂ ਦਾ ਪਹਿਲਾਂ ਨਾਲੋਂ ਵੱਧ ਸਾਥ ਦੇਣ। ਪ੍ਰਵਾਸੀ ਪੰਜਾਬੀ

ਪੰਜਾਬ ਜਾ ਕੇ ਫੋਕੀ ਬੱਲੇ ਬੱਲੇ ਕਰਾਉਣ ਤੋਂ ਗੁਰੇਜ਼ ਕਰਨ ਅਤੇ ਪੰਜਾਬ ਦੀ ਖੇਤੀ ਅਤੇ ਖੇਤੀ ਨਾਲ ਜੁੜੇ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਹਿੱਸੇਦਾਰ ਬਣਕੇ ਯੋਗਦਾਨ ਪਾਉਣ।

ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਹੋ ਰਹੇ ਸੰਘਰਸ਼ ਨੂੰ ਦੇਖ ਕੇ ਕਾਫੀ ਆਸ ਬੱਝੀ ਹੈ। ਇਹ ਸੰਘਰਸ਼ ਦੁਨੀਆਂ ਤੇ ਇਕ ਮਿਸਾਲ ਬਣ ਗਿਆ ਹੈ। ਸੰਘਰਸ਼ ਤੋਂ ਪਤਾ ਲੱਗਦਾ ਹੈ ਕੇ ਸਿੱਖ ਆਪਣੀ ਹਿੱਕ ਦੇ ਜ਼ੋਰ ਤੇ ਅਜੇ ਵੀ  ਦੇਸ਼ ਦੀਆਂ ਜੜ੍ਹਾਂ ਹਿਲਾ ਸਕਦੇ ਹਨ। ਸੰਘਰਸ਼ ਕਰਨਾ ਕਿਸਾਨ ਅਤੇ ਕਿਸੇ ਵੀ ਦੇਸ਼ ਦੇ ਨਾਗਰਿਕਾਂ ਦਾ ਮੁਢਲਾ ਹੱਕ ਹੈ। ਮੇਰੇ ਮੁਤਾਬਿਕ ਭਾਰਤੀ ਸਰਕਾਰ ਨੂੰ ਕਿਸਾਨਾਂ ਦੇ ਸੰਘਰਸ਼ ਨੂੰ ਸਮਝਣਾ ਚਾਹੀਦਾ ਹੈ ਤੇ ਸੰਘਰਸ਼ ਨੂੰ ਖਤਮ ਕਰਨ ਲਈ ਆਪਣੀਆਂ ਕੋਝੀਆਂ ਚਾਲਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ। ਨਵੇਂ ਕਾਨੂੰਨਾਂ ਨੂੰ ਜਲਦ ਰੱਦ ਕਰਕੇ, ਕਿਸਾਨਾਂ ਨੂੰ ਰਾਹਤ ਦੇਣੀ ਚਾਹੀਦੀ ਹੈ। ਕਿਓਂਕੇ ਇਹ ਗੱਲ ਸਿਰਫ ਕਿਸਾਨਾਂ ਨਾਲ ਹੀ ਨਹੀਂ ਸਗੋਂ ਅਤਿ ਜਰੂਰੀ ਦੇਸ਼ ਦੇ ਰੱਖਿਆ ਪ੍ਰਬੰਧ ਨਾਲ ਵੀ ਜੁੜੀ ਹੋਈ ਹੈ।

ਮੈਨੂੰ ਭਾਰਤ ਦੇ ਅੰਬਾਨੀ ਵਰਗੇ ਵਪਾਰੀਆਂ ਦੀ ਫਿਤਰਤ ਬਾਰੇ ਤਾਂ ਪਹਿਲਾਂ ਹੀ ਪਤਾ ਹੈ ਕੇ ਉਹ ਸਿਰਫ ਪ੍ਰਚੂਨ ਦੇ ਛੋਟੇ ਦੁਕਾਨਦਾਰ ਵਾਲੀ ਮਾਨਸਿਕਤਾ ਰੱਖਦੇ ਹਨ। ਇਹ ਭਾਰਤੀ ਵਪਾਰੀ ਅਮਰੀਕਾ ਅਤੇ ਦੂਸਰੇ ਵਿਕਸਤ ਦੇਸ਼ਾਂ ਦੇ ਵੱਡੇ ਵਪਾਰੀਆਂ ਦੇ ਗੁਲਾਮ ਹਨ। ਇਹਨਾਂ ਦੀ ਛੋਟੀ ਮਾਨਸਿਕਤਾ ਕਰਕੇ ਭਾਰਤ ਟੈਕਨੋਲੋਜੀ ਦੇ ਖੇਤਰ ਵਿਚ ਕਾਫੀ ਪਛੜ ਗਿਆ ਹੈ।1991 ਤੋਂ ਬਾਅਦ ਭਾਰਤ ਵਿਚ ਪ੍ਰਾਈਵੇਟ ਕੰਪਨੀਆਂ ਨੇ ਸਮੇਂ ਦੀਆਂ ਸਰਕਾਰਾਂ ਨਾਲ ਮਿਲੀਭੁਗਤ ਅਤੇ ਭ੍ਰਿਸ਼ਟਾਚਾਰ ਕਰਕੇ ਹੀ ਤਰੱਕੀ ਕੀਤੀ ਹੈ। ਭਾਰਤੀ ਵਪਾਰੀਆਂ ਦੀ ਛੋਟੀ ਸੋਚ ਕਰਕੇ ਭਾਰਤ ਦੀ ਕੋਈ ਵੀ ਕੰਪਨੀ ਅੰਤਰਰਾਸ਼ਟਰੀ ਪੱਧਰ ਤੇ ਧਾਕ ਨਹੀਂ ਪਾ ਸਕੀ। ਟੈਕਨੋਲੋਜੀ ਵਪਾਰੀ ਵੀ ਵਿਕਸਿਤ ਦੇਸ਼ਾਂ ਦਾ ਹੀ ਕੰਮ ਕਰਦੇ ਹਨ ਕਿਓਂਕੇ ਭਾਰਤ ਵਿਚ ਟੈਕਨੀਕਲ ਲੇਬਰ ਸਸਤੀ ਹੈ।

ਸਾਰੇ ਵਿਕਸਤ ਦੇਸ਼ਾਂ ਨੇ ਭਾਰਤ ਵਰਗੇ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਨਾਲ ਗੁਪਤ ਸਮਝੌਤੇ ਕੀਤੇ ਹੋਏ ਹਨ ਅਤੇ ਵਿਕਸਤ ਦੇਸ਼ਾਂ ਨੂੰ ਭਾਰਤ ਵਰਗੀਆਂ ਵੱਡੀਆਂ ਮੰਡੀਆਂ ਦੀ ਲੋੜ ਹੈ। ਇਸ ਕਰਕੇ ਕੋਈ ਵੀ ਦੇਸ਼ ਕਿਸਾਨਾਂ ਜਾਂ ਸਿੱਖ ਮਸਲਿਆਂ ਦੇ ਹੱਕ ਵਿਚ ਖੁੱਲੇ ਤੌਰ ਤੇ ਕੁਝ ਨਹੀਂ ਕਰ ਸਕਦਾ। ਯੂਨਾਇਟੇਡ ਨੇਸ਼ਨ ਵਰਗੀਆਂ ਸੰਸਥਾਵਾਂ ਵਿਚ ਪਟੀਸ਼ਨ ਪਾਉਣ ਨਾਲ ਕੁਝ ਨਹੀਂ ਬਣਨਾ, ਇਹ ਸਿਰਫ ਵਿਕਸਤ ਦੇਸ਼ਾਂ ਦੇ ਹੱਕ ਪੂਰਦੀਆਂ ਹਨ। ਮੇਰੇ ਮੁਤਾਬਿਕ ਇਹ ਗੁਪਤ ਸਮਝੌਤੇ ਕਿਸੇ ਵੀ ਦੇਸ਼ ਦੇ ਟੁਕੜੇ ਨਹੀਂ ਹੋਣ ਦੇਣਗੇ ਅਤੇ ਵਿਕਸਤ ਦੇਸ਼ ਸਿਰਫ ਬਾਹਰੀ ਤੌਰ ਤੇ ਹੀ ਮਜਲੂਮਾਂ ਦੇ ਹੱਕ ਵਿਚ ਹੋਣ ਦਾ ਦਾਅਵਾ ਕਰਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਸਾਡੇ ਪੰਜਾਬ ਵਸਦੇ ਭਰਾ ਕਿਸੇ ਵੀ ਮੁਹਿੰਮ ਜੋ ਪੰਜਾਬ ਨੂੰ ਭਾਰਤ ਨਾਲੋਂ ਅੱਡ ਕਰਨਾ ਚਾਹੁੰਦੀ ਹੋਵੇ, ਉਸਦਾ ਸਾਥ ਨਾ ਦੇਣ। ਸਾਰਾ ਭਾਰਤ ਸਾਡਾ ਹੈ ਅਤੇ ਅਸੀਂ ਸਾਰੀ ਦੁਨੀਆਂ ਤੇ ਰਾਜ ਕਰਨਾ ਹੈ। ਸਿੱਖਾਂ ਨੂੰ ਆਪਣੇ ਥਿੰਕ ਟੈਂਕ ਉਸਾਰਨੇ ਚਾਹੀਦੇ ਹਨ ਜਿਹਨਾਂ ਦੇ ਮੇਮ੍ਬਰ ਅਰਥਸ਼ਾਸਤਰੀ, ਕਾਨੂੰਨੀ ਮਾਹਿਰ, ਖੇਤੀ ਮਾਹਿਰ ,

ਟੈਕਨੋਲਜੀ ਮਾਹਿਰ ਅਤੇ ਨੀਤੀ ਘਾੜੇ ਹੋਣ ਤੇ ਇਹ ਥਿੰਕ ਟੈਂਕ ਸਮੇਂ ਸਮੇਂ ਤੇ ਕੌਮ ਦੀ ਅਗਵਾਈ ਕਰਨ।

ਮੈਂ ਸਮੂਹ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਅਸੀਂ ਗੁਰੂ ਦੀ ਸਾਜੀ ਹੋਈ ਆਜ਼ਾਦ ਕੌਮ ਹਾਂ ਤੇ ਹੋਰ ਆਤਮ ਨਿਰਭਰ ਬਣੀਏ। ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਉਚੇਰੀ ਪੜ੍ਹਾਈ ਵੱਲ ਤੋਰੀਏ,ਅਤੇ ਕੋਸ਼ਿਸ਼ ਕਰੀਏ ਕੇ ਉਹ ਵੱਡੇ ਵਪਾਰੀ ਬਣ ਸਕਣ। ਜਿਊਸ ਲੋਕਾਂ ਵਾਂਗ ਦੁਨੀਆਂ ਤੇ ਸਰਦਾਰੀ ਅਤੇ ਖਾਲਸੇ ਦਾ ਰਾਜ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਕੋਲ ਅਕਲ, ਪੈਸਾ ਅਤੇ ਹਿੱਕ ਵਿਚ ਜ਼ੋਰ ਹੈ। ਸਿੱਖ ਕੌਮ ਨੂੰ ਅਰਬੀ ਤੇਲ ਦੇ ਖੂਹਾਂ ਤੋਂ ਵੀ ਵੱਧ ਕਮਾਈ ਕਰਨੀ ਪਏਗੀ। ਪ੍ਰਵਾਸੀ ਸਿੱਖ ਵੀ ਪੜ੍ਹਾਈ ਅਤੇ ਟੈਕਨੋਲੌਜੀ ਵਪਾਰ ਨੂੰ ਤਰਜੀਹ ਦੇਣ ਤਾਂ ਕੇ ਵਿਦੇਸ਼ਾਂ ਵਿਚ ਲੇਬਰ ਦਾ ਹਿੱਸਾ ਬਣ ਕੇ ਹੀ ਨਾ ਰਹਿ ਜਾਣ।

ਫੇਰ ਸਾਨੂੰ ਆਪਣੇ ਹੱਕ ਕਿਸੇ ਸਰਕਾਰ ਕੋਲੋਂ ਮੰਗਣ ਨਹੀਂ ਜਾਣਾ ਪਏਗਾ ਤੇ ਗੁਰੂ ਦੇ ਬਚਨਾਂ ਮੁਤਾਬਕ ਸਾਰੀ ਦੁਨੀਆਂ ਤੇ ਖਾਲਸੇ ਦਾ ਰਾਜ ਚੱਲੇਗਾ ਅਤੇ ਕਾਨੂੰਨ ਸਾਨੂੰ ਪੁੱਛ ਕੇ ਬਣਾਏ ਜਾਣਗੇ।

